## Punjab State Power Corporation Limited
## OFFICE OF THE CHIEF ADMN & IR

ਵੱਲ

1) ਸਾਰੇ ਇੰਜ:ਇਨ ਚੀਫ/ਮੁੱਖ ਇੰਜੀ:ਪੀ.ਐਸ.ਪੀ.ਸੀ.ਐਲ,
2) ਮੁੱਖ ਪੜਤਾਲਕਾਰ, ਪੀ.ਐਸ.ਪੀ.ਸੀ.ਐਲ,
3) ਮੁੱਖ ਲੇਖਾ ਅਫਸਰ, ਪੀ.ਐਸ.ਪੀ.ਸੀ.ਐਲ,
4) ਡੀ.ਜੀ.ਪੀ/ਵੀ ਤੇ ਐਸ, ਪੀ.ਐਸ.ਪੀ.ਸੀ.ਐਲ,
5) ਕਾਸਟ ਕੰਟਰੋਲਰ, ਪੀ.ਐਸ.ਪੀ.ਸੀ.ਐਲ,
6) ਸਾਰੇ ਨਿਗ: ਇੰਜੀ:ਸਮੇਤ ਹਾਈਡਲ, ਪੀ.ਐਸ.ਪੀ.ਸੀ.ਐਲ,
7) ਸੀਨੀ.ਕਾ:ਕਾ:ਇੰਜ/ਕਾਰਜਕਾਰੀ ਇੰਜ:, ਪੀ.ਐਸ.ਪੀ.ਸੀ.ਐਲ,

ਪੱਤਰ ਨੰ: 22011/22641 /ਜੀਬੀਐਨ-430 ਮਿਤੀ: 20-5-12

ਵਿਸ਼ਾ: ਪੁਰਾਣੇ ਰਿਕਾਰਡ ਦੀ ਵਿਧੀ ਪੂਰਵਕ ਉਚਿਤ ਸਾਂਭ ਸੰਭਾਲ ਅਤੇ ਨਸ਼ਟ ਕਰਨ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਕੇਂਦਰੀ ਰਿਕਾਰਡ ਸ਼ਾਖਾ, ਪੰ:ਰਾ:ਬਿ:ਬੋ: ਹੁਣ ਕਾਰਪੋਰੇਸ਼ਨ ਅਤੇ ਇਸ ਦਫਤਰ ਦੇ ਪੱਤਰ ਨੰ: 117033/7075 ਮਿਤੀ 20.10.207 ਰਾਹੀਂ ਪੁਰਾਣੇ ਪਏ ਰਿਕਾਰਡ ਦੀ ਸਾਂਭ ਸੰਭਾਲ/ ਨਸ਼ਟ ਕਰਨ ਲਈ ਸਮੇਂ-2 ਸਿਰ ਹਦਾਇਤਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸੇ ਸੰਦਰਭ ਵਿੱਚ ਪੁਰਾਣੇ ਰਿਕਾਰਡ ਨੂੰ ਇਸ ਦਫਤਰ ਦੇ ਨੰ:90974/1424/ਜੀਬੀਐਨ-430 ਮਿਤੀ 14.9.2011ਰਾਹੀਂ ਨਸ਼ਟ/ਸਾੜਨ ਦੇ ਬਿਜਾਏ ਇਸ ਨੂੰ ਰੱਦੀ ਵਿੱਚ ਵੇਚਣ ਸਬੰਧੀ ਹਦਾਇਤਾਂ ਕੀਤੀਆਂ ਗਈਆਂ ਸਨ, ਪ੍ਰੰਤੂ ਕੁਝ ਦਫਤਰਾਂ ਵਲੋਂ ਵੱਖ-ਵੱਖ ਸੁਝਾਅ ਭੇਜੇ ਗਏ , ਜਿਹਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੁਰਾਣੇ ਰਿਕਾਰਡ ਨੂੰ ਚੁੱਕਣ ਲਈ ਸ੍ਰੀ **ਸੰਦੀਪ ਸਿੰਘ, ਬੀ-18/247, ਰਾਘੋ ਮਾਜਰਾ, ਵਾਸੀ ਪਟਿਆਲਾ, ਸੈਲ ਨੰ; 98148-06613** ਅਤੇ **99155-10013** ਨਾਲ ਇੱਕ ਸਾਲ ਲਈ ਹੇਠ ਲਿਖੇ ਰੇਟ ਤੇ ਇਕਰਾਰਨਾਮਾ ਇਸ ਸ਼ਰਤ ਤੇ ਕੀਤਾ ਹੈ ਕਿ ਉਹ ਪੁਰਾਣੇ ਰਿਕਾਰਡ ਨੂੰ ਸਿੱਧਾ ਮਿੱਲ ਵਿੱਚ ਲਿਜਾਕੇ ਕਚਰਾ ਬਣਵਾਏਗਾ ਅਤੇ ਇਸ ਦੀ ਦੁਰਵਰਤੋਂ ਨਹੀਂ ਕਰੇਗਾ। ਇਸ ਸਬੰਧੀ ਉਸ ਵਲੋਂ ਲਿਖਤੀ ਸਰਟੀਫਿਕੇਟ ਦਿੱਤਾ ਜਾਵੇਗਾ।

1) ਪੁਰਾਣੇ ਤੇ ਬੇਕਾਰ ਪੇਪਰਾਂ ਦਾ ਰੇਟ 7.75 ਰੁਪਏ ਪ੍ਰਤੀ ਕਿਲੋ ਗ੍ਰਾਮ
2) ਫਾਈਲ ਕਵਰ ਅਤੇ ਗੱਤੇ ਦਾ ਰੇਟ 2.50 ਰੁਪਏ ਪ੍ਰਤੀ ਕਿਲੋ ਗ੍ਰਾਮ

ਇਸ ਲਈ ਕਾਰਪੋਰੇਸ਼ਨ ਦੇ ਪਟਿਆਲਾ ਅਤੇ ਨੇੜਲੇ ਦਫਤਰਾਂ ਵਿੱਚ ਪਏ ਪੁਰਾਣੇ ਰਿਕਾਰਡ ਨੂੰ ਉਪਰ ਦਰਸਾਈ ਤਜਵੀਜ਼ ਅਨੁਸਾਰ ਪਹਿਲਾਂ ਤੋਂ ਜਾਰੀ ਹਦਾਇਤਾਂ ਅਨੁਸਾਰ ਵੇਚਿਆ ਜਾ ਸਕੇਗਾ। ਇਹ ਕੰਮ ਜੇ.ਈ ਰੈਂਕ ਦੇ ਬਰਾਬਰ ਦੇ ਕਰਮਚਾਰੀ ਦੀ ਦੇਖ-ਰੇਖ ਹੇਠ ਕੀਤਾ ਜਾਵੇਗਾ। ਵੇਚੇ ਗਏ ਰਿਕਾਰਡ ਤੋਂ ਇੱਕਠਾ ਹੋਇਆ ਮਾਲੀਆ ਤੁਰੰਤ ਕਾਰਪੋਰੇਸ਼ਨ ਦੇ ਕੈਸ਼ ਕਾਊਂਟਰ ਤੇ ਜਮ੍ਹਾਂ ਕਰਵਾਇਆ ਜਾਵੇਗਾ। ਇਸ ਤਰ੍ਹਾਂ ਇਧਰ ਉਧਰ ਖਿਲਰੇ/ਪੁਰਾਣੇ ਰਿਕਾਰਡ ਨੂੰ ਨਸ਼ਟ/ਸਾੜਨ ਦੀ ਬਿਜਾਏ ਰੱਦੀ ਵਿਚ ਵੇਚ ਕੇ ਕਾਰਪੋਰੇਸ਼ਨ ਨੂੰ ਵਿੱਤੀ ਲਾਭ ਹੋਵੇਗਾ। ਵਾਤਾਵਰਣ ਵਿੱਚ ਸ਼ੁਧਤਾ ਬਣਾਈ ਰੱਖਣ ਲਈ ਕਾਰਪੋਰੇਸ਼ਨ ਦੇ ਕਿਸੇ ਵੀ ਦਫਤਰ ਵਲੋਂ ਰਿਕਾਰਡ ਨੂੰ ਸਾੜਿਆ ਨਹੀਂ ਜਾਵੇਗਾ। ਇਨ੍ਹਾਂ ਹਦਾਇਤਾਂ ਨੂੰ ਯਕੀਨੀ ਬਣਾਇਆ ਜਾਵੇ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਜਨਰਲ
ਪੰ:ਰਾ:ਪਾ:ਕਾ:ਲਿਮ:ਪਟਿਆਲਾ।

ਪਿੱਠ ਅੰਕਣ ਨੰ: 22642/22701 ਜੀਬੀਐਨ-430 ਮਿਤੀ: 20-5-12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ:91425/37 ਮਿਤੀ 14.9.2011 ਦੇ ਸਬੰਧ ਵਿੱਚ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਨਿਗ:ਇੰਜ:/ਅਈ.ਟੀ,ਪੀ.ਐਸ.ਪੀ.ਸੀ.ਐਲ,ਪਟਿਆਲਾ ।ਉਨ੍ਹਾਂ ਨੂੰ ਬੇਨਤੀ ਹੈ ਕਿ ਉਕਤ ਹਦਾਇਤਾਂ ਦੀ ਕਾਪੀ ਕਾਰਪੋਰੇਸ਼ਨ ਦੀ ਵੈਬ ਸਾਈਟ ਤੇ ਪਾ ਦਿੱਤੀ ਜਾਵੇ ਜੀ।
2. ਸਾਰੇ ਉਪ ਸਕੱਤਰ/ਅਧੀਨ ਸਕੱਤਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
3. ਸਾਰੇ ਨਿੱਜੀਸਕੱਤਰਟੂ ਡਾਇਰੈਕਟਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
5. ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਪੀ.ਸੀ.ਐਲ,ਪਟਿਆਲਾ।
6. ਨਿੱਜੀ ਸਕੱਤਰ ਟੂ ਮੁੱਖ ਪ੍ਰਬੰਧਕੀ ਅਤੇ ਆਈ.ਆਰ,ਪੀ.ਐਸ.ਪੀ.ਸੀ.ਐਲ,ਪਟਿਆਲਾ।
7. ਸ੍ਰੀ ਸੰਦੀਪ ਸਿੰਘ, ਬੀ-18/247, ਰਾਘੋ ਮਾਜਰਾ, ਪਟਿਆਲਾ।

ਉਪ ਸਕੱਤਰ/ਜਨਰਲ,
ਪੰ:ਰਾ:ਪਾ:ਕਾ:ਲਿਮ:ਪਟਿਆਲਾ